# ਦੂਜਾ ਭਾਉ

## ਭਾਗ-7

**ਦੂਜੇ ਭਾਉ** ਦਾ ਵਿ ਾ ਬੜਾ ਸੂਖਮ ਤੇ ਡੂੰਘਾ ਹੈ, ਇਸ ਲਈ ਇਸ ਦੀ ਬਾਬਤ ਕਈ ਅਹਿਮ ਭੁਲੇਖੇ ਪਏ ਹੋਏ ਹਨ।

ਆਮ ਤੌਰ ਤੇ ਜਦ ਅਸੀਂ

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ (ਪੰਨਾ-੪੪੪)

ਅਥਵਾ

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ (ਪੰਨਾ-੨੬੯)

ਅਨੁਸਾਰ ਕਰਮ ਕਰਦੇ ਹਾਂ ਤਾਂ ਇਸੇ ਹੀ **ਦੂਜਾ ਭਾਉ** ਸਮਝੀ ਜਾਂਦੇ ਹਾਂ। ਅਸਲ ਵਿਚ ਇਹ **ਦੋਚਿੱਤੇ** ਦੀ ਅਵੱਸਥਾ ਹੈ। ਅਜਿਹੇ ਜੀਵਾਂ ਦਾ ਮਨ ਤਾਂ ਮਾਇਆ ਵਿਚ ਗਲਤਾਨ ਹੁੰਦਾ ਹੈ, ਪਰ ਉਪਰੋਂ ਪਰਮਾਰਥ ਦਾ ਦਮ ਵੀ ਭਰਦੇ ਹਨ। ਇਸ ਤਰ੍ਹਾਂ ਅਜਿਹੇ ਜੀਵ ਆਪਣੇ ਲੁਕਵੇਂ, ਨੀਵੇਂ, ਭੇਖੀ ਖਿਆਲਾਂ ਤੇ ਕਰਮਾਂ ਛੁਪਾ ਕੇ ਉਪਰੋਂ ਭਲੇ-ਭਲੇਰੇ ਬਣੇ ਰਹਿੰਦੇ ਹਨ ਜਿਸਦਾ **ਪਾਜ** ਕਦੇ ਨ ਕਦੇ ਲਹਿ ਹੀ ਜਾਂਦਾ ਹੈ

ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾਂ ਹੋਵੈ ।
ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ । (ਵਾ. ਭਾ. ਗੁ. ੩੩/੧੧)

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ (ਪੰਨਾ-੨੮)

ਇਸ ਤਰ੍ਹਾਂ ਧਾਰਮਿਕ ਫਰ ਜਾਲਦੇ ਹੋਏ ਵੀ ਇਨ੍ਹਾਂ ਦੁਚਿੱਤੇ ਧਰਮੀਆਂ ਦੀ ਆਤਮਿਕ ਤੱਰਕੀ ਨਹੀਂ ਹੁੰਦੀ।

ਪਰ **ਦੂਜੇ ਭਾਉ** ਗੁਰਬਾਣੀ ਵਿਚ ਸਹੀ ਤੌਰ ਤੇ ਇਉਂ ਬਿਆਨ ਕੀਤਾ ਗਿਆ ਹੈ

ਭਾਦੁਇ ਭਰਮਿ ਭੁਲਾਣੀਆ **ਦੂਜੈ ਲਗਾ ਹੇਤੁ ॥**
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ (ਪੰਨਾ-੧੩੪)

ਭੂਲਿਓ ਮਨੁ ਮਾਇਆ ਉਰਝਾਇਓ ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪ ਬੰਧਾਇਓ ॥ (ਪੰ.-੭੨)

ਇਸ ਦਾ ਅਰਥ ਇਹ ਹੈ ਜਦ ਸਾਡਾ ਮਨ ਅਕਾਲ-ਪੁਰਖ ਤੋਂ **ਬੇਮੁਖ ਹੋ ਕੇ** ਆਪਣੀ ਝੂਠੀ **ਮੈਂ-ਮੇਰੀ** ਦੇ ਭਰਮ-ਭੁਲਾਵੇ ਵਿਚ ਹੰਕਾਰਿਆ ਫਿਰਦਾ ਹੈ ਤਾਂ ਅਸੀਂ ਮਾਇਕੀ **ਦੂਜੇ ਭਾਉ** ਵਿਚ ਵਰਤਦੇ ਅਥਵਾ ਵਿਚਰਦੇ ਹਾਂ। ਇਸ ਤਰ੍ਹਾਂ ਅਕਾਲ ਪੁਰਖ ਭੁੱਲ ਕੇ ਕੀਤੇ ਸਾਡੇ ਸਭ ਕਰਮ ਅਜਾਂਈ ਜਾਂਦੇ ਹਨ ਅਤੇ ਅਸੀਂ ਰਸਾਤਲ ਵੱਲ ਰੁੜ੍ਹਦੇ ਜਾਂਦੇ ਹਾਂ

ਖਸਮੁ ਛੋਡਿ **ਦੂਜੈ ਲਗੇ** ਡੁਬੇ ਸੇ ਵਣਜਾਰਿਆ ॥ (ਪੰਨਾ-੪੭ )

ਐਸੇ **ਦੂਜੇ ਭਾਉ** ਦੇ ਕਰਮਾਂ ਗੁਰਬਾਣੀ ਵਿੱਚ ਇਉਂ ਬਿਆਨ ਕੀਤਾ ਗਿਆ ਹੈ

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰੁ ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ (ਪੰਨਾ-੨੫੨)

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥
**ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥** (ਪੰਨਾ-੪੪੧)

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥ (ਪੰਨਾ-੨੪ )

**ਨਾਮ ਬਿਨਾ ਸਭੁ ਜਗੁ ਹੈ ਮੈਲਾ**
ਦੂਜੈ ਭਰਮਿ ਪਤਿ ਖੋਈ ॥ (ਪੰਨਾ-੧੨੩੪)

ਕੂਰ ਕ੍ਰਿਆ ਉਰਝਿਓ ਸਭ ਹੀ ਜਗ
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: ੧ )

ਹਉ ਹਉ ਕਰੇ ਤੈ ਆਪੁ ਜਣਾਏ ॥
ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ (ਪੰਨਾ-੧੨੭)

ਇਸ ਤਰ੍ਹਾਂ ਹਉਮੈ ਅਥਵਾ ਮੈਂ-ਮੇਰੀ ਦੇ ਭਰਮ-ਭੁਲਾਵੇ ਵਿਚ ਕੀਤੇ ਸਾਡੇ ਸਾਰੇ ਕਰਮ-ਧਰਮ, ਪੁੰਨ-ਦਾਨ, ਮੇਲ-ਜੋਲ ਆਦਿ ਸਭ ਤ੍ਰੈ-ਗੁਣੀ **ਮਾਇਕੀ-ਮੰਡਲ ਦਾ ਹੀ**

**ਵਰਤ-ਵਰਤਾਰਾ ਅਤੇ ਪ੍ਰਗਟਾਵਾ ਹੈ।** ਮਾਇਕੀ ਦੂਜੇ ਭਾਉ ਵਿਚ ਮੋਹਣੀ ਮਾਇਆ ਦੀ ਕੁਸੰਗਤ ਕਰਦਿਆਂ ਅਸੀਂ

ਆਤਮਿਕ **ਵਿਰਾਸਤ** ਭੁੱਲ ਜਾਂਦੇ ਹਾਂ
ਮੋਹ-ਮਾਇਆ ਵਿਚ ਫਸ ਜਾਂਦੇ ਹਾਂ
ਪਰਮਾਤਮਾ ਤੋਂ ਬੇਮੁਖ ਹੋ ਜਾਂਦੇ ਹਾਂ
ਮੈਂ-ਮੇਰੀ ਵਿਚ ਵਿਚਰਦੇ ਹਾਂ
ਪੰਚ ਬਿਖਾਦੀਆ ਦੀ ਕੁਸੰਗਤ ਕਰਦੇ ਹਾਂ
ਮਾਇਆ ਵਿਚ ਗਲਤਾਨ ਹੋ ਕੇ ਦੁਖੀ ਹੁੰਦੇ ਹਾਂ
ਹਉਮੈ ਵਿਚ ਕਰਮਬਧ ਹੁੰਦੇ ਹਾਂ
ਆਵਾਗਵਨ ਦੇ ਚੱਕਰ ਵਿਚ ਪੈਂਦੇ ਹਾਂ
ਜਮਾਂ ਦੇ ਵੱਸ ਪੈਂਦੇ ਹਾਂ ।

ਜਦ ਤਾਂਈ ਅਸੀਂ ਚਾਨਣ ਵਿਚ ਰਹਿੰਦੇ ਹਾਂ, ਰੌ ਨੀ ਦੀ ਸੰਗਤ ਕਰਦੇ ਹਾਂ ਤਾਂ ਉਸ ਦੀਆਂ ਬੇਅੰਤ ਬਰਕਤਾਂ ਤੋਂ ਲਾਹਾ ਲੈਂਦੇ ਹਾਂ।

ਰੌ ਨੀ ਤੋਂ ਉਹਲੇ ਹੋ ਕੇ ਅਸੀਂ ਹਨੇਰੇ ਦੀ ਕੁਸੰਗਤ ਕਰਦੇ ਹਾਂ ਤਾਂ ਉਸ ਵਿਚੋਂ ਉਪਜੇ ਸਭ ਦੁਖ-ਕਲੇ ਭੋਗਦੇ ਹਾਂ।

ਇਸੇ ਤਰ੍ਹਾਂ ਜਦ ਸਾਡਾ ਮਨ ਪਰਮੇ ਰ **ਭੁੱਲ** ਜਾਂਦਾ ਹੈ ਤਾਂ ਅਸੀਂ ਅਕਾਲ ਪੁਰਖ ਤੋਂ ਬੇਮੁਖ ਹੋ ਕੇ **ਦੂਜੇ ਭਾਉ** ਦੇ ਹਨੇਰ ਵਿਚ ਵਿਚਰਦੇ ਹਾਂ ਅਥਵਾ ਮਾਇਆ ਦੇ ਅਨੇਕ ਦੂਤਾਂ ਨਾਲ ਕੁਸੰਗਤ ਕਰਦੇ ਦੁਖ ਭੋਗਦੇ ਹਾਂ

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਪੰਨਾ-੧੩੫)

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ (ਪੰਨਾ-੩੮੩)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥ (ਪੰਨਾ-5੨੨)

ਇਸਦਾ ਕਾਰਣ ਇਹ ਹੈ ਕਿ ਸਾਡਾ ਮਨ ਇਲਾਹੀ ਵਿਰਾਸਤ ਅਰਥਾਤ

ਨਾਮ
ਬ ਦ
ਹੁਕਮ

ਤੋਂ **ਬੇਖਬਰ ਤੇ ਅਨਜਾਣ** ਹੈ। ਜਿਵੇਂ ਛੁਪੇ ਹੋਏ ਅਦ੍ਰਿਟ ਕਰੰਟ ਲੱਭਣ ਲਈ ਟੈਸਟਰ (tester) ਦੀ ਸੂਈ ਦੀ ਨੋਕ ਨਾਲ ਰਬੜ ਦੇ ਉਪਰਲੇ ਹਿੱਸੇ ਵਿੰਨ੍ਹਕੇ ਜਿਉਂਦੀ ਤਾਰ ਛੂਹਣਾ ਲਾਮੀ ਹੈ। ਇਸੇ ਤਰ੍ਹਾਂ ਸਾਡੇ ਅੰਤ੍ਰ-ਆਤਮੇ ਨਾਮ ਜਾਂ ਹੁਕਮ

ਬੁੱਝਣ

ਸੀਝਣ

ਚੀਨਣ

ਪਹਿਚਾਨਣ

ਪ੍ਰਕਾ ਕਰਨ

ਪ੍ਰਗਟਾਵਾ ਕਰਨ

ਲਈ ਮਨ ਦੀ ਬਾਹਰਮੁਖੀ ਸੁਰਤੀ-ਬਿਰਤੀ ਦੀਆਂ ਸੂਖਮ ਸੂਈਆਂ **ਅੰਦਰ ਵੱਲ ਮੋੜ ਮੋੜ ਕੇ** ਧਿਆਨ-ਸਹਿਤ, ਇਕਾਗਰ-ਚੀਤ ਹੋ ਕੇ, ਸਿਮਰਨ ਕਰਕੇ, ਅੰਤ੍ਰ-ਆਤਮੇ ਜੀਵਨ-ਰੌਂਅ, ਨਾਮ, ਹੁਕਮ ਨਾਲ **ਪਰਸਣਾ-ਛੂਹਣਾ ਲਾਮੀ ਹੈ**

ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥

(ਪੰਨਾ-558)

ਆਪਣੀ ਵਿਰਾਸਤ ਬੁਝਣ-ਪਹਿਚਾਨਣ ਦਾ ਇਕੋ-ਇਕ ਸਾਧਨ ਗੁਰੂ ਕ੍ਰਿਪਾ ਦੁਆਰਾ ਮਨ ਦੇ **ਦੂਜੇ ਭਾਉ** ਦੇ ਛੌੜ ਜਾਂ ਅੰਧ-ਗੁਬਾਰ ਚੀਰ ਕੇ ਅੰਤਰ ਆਤਮੇ ਆਪਣੀ ਜੋਤ, ਨਾਮ ਜਾਂ ਹੁਕਮ ਛੂਹਣਾ ਹੈ

ਗੁਰ ਸਾਖੀ ਜੋਤਿ ਪਰਗਟੁ ਹੋਇ ॥ (ਪੰਨਾ-੬੬੩)

ਜਿਵੇਂ ਬੁਝੀ ਹੋਈ ਬੱਤੀ ਦੂਜੀ ਬੁਝੀ ਬੱਤੀ ਜਗਾ ਨਹੀਂ ਸਕਦੀ, ਇਸੇ ਤਰ੍ਹਾਂ ਮੁਰਦਾ ਤਾਰ (dead wire) ਦੂਜੀ ਤਾਰ ਕਰੰਟ ਨਹੀਂ ਦੇ ਸਕਦੀ।

ਸਿਰਫ **ਜਿਉਂਦੀ ਤਾਰ** ਹੀ ਮੁਰਦਾ ਤਾਰ ਜੀਵਨ-ਰੌਂਅ ਦੇ ਸਕਦੀ ਹੈ, ਜਿਉਂਦੀ ਕਰ ਸਕਦੀ ਹੈ।

ਇਸੇ ਤਰ੍ਹਾਂ ਨਾਮ ਨਾਲ ਪ੍ਰਕਾਿ ਤ ਹੋਈਆਂ ਜਗ-ਮਗ ਕਰਦੀਆਂ ਰੂਹਾਂ ਅਥਵਾ ਬਖੇ ਹੋਏ ਗੁਰਮੁਖ ਪਿਆਰਿਆਂ ਦੀਆਂ ਆਤਮਿਕ ਕਿਰਨਾਂ (divine rays) ਦੀ

ਸੰਗਤ

ਪਰਸ

ਛੋਹ

ਤੱਕਣੀ

ਕ੍ਰਿਪਾ-ਕਟਾਖ

ਗੁਰਪ੍ਰਸਾਦਿ

ਨਾਲ ਸਾਡੇ ਅੰਤ੍ਰ-ਆਤਮੇ ਸੁਤੀ ਹੋਈ ਸੁਰਤੀ ਜਾਗ ਸਕਦੀ ਹੈ। **ਆਤਮ-ਪ੍ਰਕਾ  ਦੇ ਇਸ ਚਾਨਣ ਨਾਲ ਦੂਜੇ ਭਾਉ ਦਾ** ਮਾਇਕੀ ਹਨੇਰ ਉਡ-ਪੁਡ ਜਾਂਦਾ ਹੈ।

ਪਰ ਇਹ ਅਨੋਖੀ ਆਤਮਿਕ ਖੇਲ੍ਹ

ਪੜ੍ਹ-ਪੜ੍ਹਾਕੇ

ਸੁਣ-ਸੁਣਾਕੇ

ਸਮਝ-ਸਮਝਾਕੇ

ਸਿਆਣਪਾਂ

ਚਤੁਰਾਈਆਂ

ਉਕਤੀਆਂ-ਜੁਗਤੀਆਂ

ਕਰਮ-ਕਾਂਡਾਂ

ਜਾਂ **ਆਪਣੇ ੋਰ** ਨਾਲ

ਸਿਖੀ

ਸਮਝੀ

ਜਾਣੀ

ਬੁਝੀ

ਕਮਾਈ

ਪਹਿਚਾਣੀ

ਮੰਨੀ

ਜਾਂ ਖੇਲ੍ਹੀ ਨਹੀਂ ਜਾ ਸਕਦੀ

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰ.-੬੪੧)

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥ (ਪੰਨਾ-੨੭੮)

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ (ਪੰਨਾ-੭)

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ-੭੨੮)

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਦਿਮਾਗੀ ਗਿਆਨ ਤੇ ਅਕਲ ਤਿਲਾਂਜਲੀ ਦੇ ਦੇਣੀ ਹੈ, ਸਗੋਂ ਇਸ ਦੀ **ਮਾਇਕੀ ਸੇਧ ਬਦਲਣੀ ਹੈ**

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (ਪੰਨਾ-੧੨੪5)

ਗੋਵਿੰਦੁ ਭਜਨ ਕੀ ਮਤਿ ਹੈ ਹੋਰਾ ॥ (ਪੰਨਾ-੩੪੧)

ਐਸਾ ਗਿਆਨੁ ਜਪਹੁ ਮਨ ਮੇਰੇ ॥
ਹੋਵਹੁ ਚਾਕਰ ਸਾਚੇ ਕੇਰੇ ॥ (ਪੰਨਾ-੭੨੮)

ਪਰ ਸਾਡੀ ਮਾਇਕੀ ਬੁਧੀ ਦੀਆਂ ਸਿਆਣਪਾਂ, ਫਿਲੌਸਫੀਆਂ ਅਕਾਲ ਪੁਰਖ ਦੀ ਯਾਦ ਵਿਚ **ਸਹਾਈ ਹੋਣ ਦੀ ਥਾਂ ਰੁਕਾਵਟ** ਤੇ **ਵਿਘਨ** ਦਾ ਕਾਰਣ ਬਣ ਗਈਆਂ ਹਨ। ਸਾਡੇ ਮਨ ਦੇ

ਕਿੰਤੂ
ੰ ਕੇ
ਕਿਉਂ
ਕਿਆ
ਕੈਸੇ
ਦਲੀਲਾਂ
ਉਕਤੀਆਂ
ਜੁਗਤੀਆਂ
ਚਲਾਕੀਆਂ
ਢਕੌਂਸਲੇ
ਹੁਜਤਾਂ
ਪਾਖੰਡ

ਸਾ ਅਕਾਲ ਪੁਰਖ ਦੀ ਨਿੱਘੀ ਗੋਦ ਤੋਂ ਦੂਰੇਡੇ ਲੈ ਜਾਂਦੇ ਹਨ

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ (ਪੰਨਾ–੪੭੪)

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ (ਪੰਨਾ–੪੭੪)

ਅਕਾਲ ਪੁਰਖ ਇਕ ਹੈ। ਉਸ ਦਾ ਹੁਕਮ ਵੀ ਇਕ ਹੈ

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ (ਪੰਨਾ–੪੨5)

ਇਸ ਇਲਾਹੀ ਹੁਕਮ ਵਿਚ **ਦੂਜਾ ਭਾਉ** ਨਹੀਂ ਹੋ ਸਕਦਾ। ਚੌਰਾਸੀ ਲੱਖ ਜੂਨਾਂ ਸਹਿਜ–ਸੁਭਾਇ ਅਨਜਾਣੇ ਹੀ ਹੁਕਮ ਦੀ ਰਵਾਨਗੀ ਜਾਂ ਭਾਣੇ ਵਿਚ ਸੁਰ ਹੋ ਕੇ ਰੁੜ੍ਹ ਰਹੀਆਂ ਹਨ। ਪਰ ਇਨਸਾਨ ਆਪਣੇ ਇਲਾਹੀ ਹੁਕਮ ਤੋਂ **ਬੇਸੁਰੇ** ਹੋ ਕੇ ਆਪੋ–ਆਪਣੀ ਮਨ–ਮਰ ੀ ਕਰਦੇ ਹਨ ਜਿਸ **ਮਨਮਤਿ** ਕਿਹਾ ਜਾਂਦਾ ਹੈ। ਇਸ ਵਿਚ **ਦੂਜੇ ਭਾਉ** ਦੀ ਰੰਗਤ ਹੋਣ ਕਾਰਣ **ਟਾਕਰਾ** ਹੁੰਦਾ ਰਹਿੰਦਾ ਹੈ ਜਿਸ ਕਾਰਣ ਇਨਸਾਨਾਂ ਵਿਚ ਖੁਦਗਰ ੀ, ਈਰਖਾ, ਦਵੈਤ, ਵੈਰ–ਵਿਰੋਧ, ਲੜਾਈਆਂ, ਝਗੜੇ ਹੁੰਦੇ ਰਹਿੰਦੇ ਹਨ, ਜਿਸ ਨਾਲ ਸਾਡਾ ਜੀਵਨ ਅ ਾਂਤ ਤੇ ਦੁਖਦਾਈ ਹੋ ਰਿਹਾ ਹੈ

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ (ਪੰਨਾ–੪ )

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ (ਪੰਨਾ–੧੪੧੯)

ਇਸ ਤਰ੍ਹਾਂ ਜਨਮ–ਜਨਮਾਂਤਰਾਂ ਤੋ ਸਾਡੇ ਮਨ ਉਤੇ ਹਉਮੈ ਦੀ ਅਗਿਆਨਤਾ ਅਥਵਾ **ਦੂਜਾ ਭਾਉ** ਦੇ ਭਰਮ–ਭੁਲਾਵੇ ਦੇ ਕਾਲੇ ਬੋਲੇ ਬੱਦਲ ਛਾਏ ਹੋਏ ਹਨ, ਜਿਸ ਕਰਕੇ ਅਸੀਂ ਆਪਣੀ ਇਲਾਹੀ ਵਿਰਾਸਤ ਤੋਂ

ਅਨਜਾਣ

ਅਵੇਸਲੇ

ਬੇਮੁਖ

ਨਾਸਤਿਕ

ਹੋ ਕੇ ਦੁਖਦਾਈ ਜੀਵਨ ਬਤੀਤ ਕਰ ਰਹੇ ਹਾਂ

ਮਨਮੁਖ ਦੂਜੇ ਪਚਿ ਮੁਏ ਨਾ ਬੂਝਹਿ ਵੀਚਾਰਾ ॥ (ਪੰਨਾ–੧੪੧)

**ਦੂਜੇ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥** (ਪੰ.–੧ ੬੬)

ਜੇਕਰ ਕੋਈ ਵਿਰਲਾ ਜੀਵ ਆਪਣੇ ਨਰਕਮਈ ਦੁਖੀ ਜੀਵਨ ਤੋਂ ਤੰਗ ਆ ਕੇ ਤ੍ਰਾਹ–ਤ੍ਰਾਹ ਕਰਕੇ ਸਤਿਗੁਰੂ ਦੀ ਰਨ ਆਉਂਦਾ ਹੈ ਤਾਂ ਸਤਿਗੁਰੂ ਦੀ ਬਖਿ ਦੁਆਰਾ

ਉਸ ਸੱਚੀ-ਸੁੱਚੀ ਆਤਮਿਕ ਜੀਵਨ ਵਾਲੀ ਸਤਿਸੰਗਤ ਅਥਵਾ ਸਾਧਸੰਗਤ ਪ੍ਰਾਪਤ ਹੁੰਦੀ ਹੈ

ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-੭੧)

ਕਿਰਪਾ ਨਿਧਿ ਕਿਰਪਾਲ ਧਿਆਵਉ ॥
ਸਾਧਸੰਗਿ ਤਾ ਬੈਠਣੁ ਪਾਵਉ ॥ (ਪੰਨਾ-੧੮੩)

ਸਾਧ ਸੰਗਤਿ ਕਰਦਿਆਂ ਸਾਡੇ ਅੰਤ੍ਰਆਤਮੇ ਅਕਾਲ-ਪੁਰਖ ਦੀ

**ਰਧਾ ਭਾਵਨੀ ਵਧਦੀ ਜਾਂਦੀ ਹੈ**

**ਮਾਇਕੀ ਰੰਗਤ ਘਟਦੀ** ਜਾਂਦੀ ਹੈ

ਦੂਜੇ ਭਾਉ ਦਾ ਹਨੇਰ ਦੂਰ ਹੁੰਦਾ ਜਾਂਦਾ ਹੈ।

ਨਾਮੇ ਦਾ ਰੰਗ ਚੜ੍ਹਦਾ ਜਾਂਦਾ ਹੈ।

ਗਈ ਗਿਲਾਨਿ ਸਾਧ ਕੈ ਸੰਗਿ ॥
ਮਨੁ ਤਨੁ ਰਾਤੋ ਹਰਿ ਕੈ ਰੰਗਿ ॥ (ਪੰਨਾ-੮੯੨)

ਮਹਾ ਪਵਿਤ੍ਰ ਸਾਧ ਕਾ ਸੰਗੁ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ-੩੯੨)

ਜੀਵਨ ਵਿਚ ਅਜਿਹੀ ਮਹੱਤਵਪੂਰਣ ਤਬਦੀਲੀ ਲਿਆਉਣ ਲਈ ਸਭ ਤੋਂ ਪਹਿਲਾ ਤੇ ਰੂਰੀ ਸਾਧਨ ਬਖੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਅਥਵਾ ਸਾਧਸੰਗਤ ਹੀ ਦੱਸੀ ਗਈ ਹੈ

ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-੩੭੩)

ਸਾਧਸੰਗਤ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ-੬੯੪)

ਦੂਜੇ ਲਫ ਾਂ ਵਿਚ ਮਾਇਕੀ ਭਰਮ-ਭੁਲਾਵੇ ਅਥਵਾ ਦੂਜੇ ਭਾਉ ਵਿਚ ਗਲਤਾਨ ਹੋਏ ਜੀਵਾਂ ਸਤਿ ਸੰਗਤ ਦੁਆਰਾ ਆਤਮਿਕ ਮੰਡਲ ਦਾ

ਗਿਆਨ ਹੁੰਦਾ ਹੈ

ਨਿਸਚਾ ਆਉਂਦਾ ਹੈ

ਰਧਾ ਉਪਜਦੀ ਹੈ

ਚਾਉ ਪੈਦਾ ਹੁੰਦਾ ਹੈ

ਉਮਾਹ ਉਠਦਾ ਹੈ

ਇਸ ਤਰ੍ਹਾਂ ਨਾਮ-ਪ੍ਰਕਾ ਵਾਲੀਆਂ **ਜਾਗਤ ਜੋਤਾਂ** ਦੀ ਸੰਗਤ ਕਰਦਿਆਂ ਅਥਵਾ ਸਤਿਸੰਗਤ ਕਰਦਿਆਂ ਕਿਸੇ ਸੁਭਾਗੇ ਸਮੇਂ ਜਗਿਆਸੂ ਦੇ ਅੰਦਰ ਨਾਮ ਦਾ ਪ੍ਰਕਾ ਹੋ ਜਾਂਦਾ ਹੈ ਅਥਵਾ ਗੁਰ ਬਦੀ ਗੋਬਿੰਦ ਗਜਿਆ ਹੋ ਜਾਂਦਾ ਹੈ ਅਤੇ ਉਹ ਜੀਵ ਮਨਮੁਖ ਤੋਂ ਗੁਰਮੁਖ ਬਣ ਕੇ ਸੁਭਾਗਾ ਹੋ ਜਾਂਦਾ ਹੈ। **ਗੁਰ ਬਦ ਦੀ ਕਮਾਈ** ਦੁਆਰਾ ਜਗਿਆਸੂ

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ (ਪੰਨਾ-੪੮੭)

ਅਨੁਸਾਰ ਦੈਵੀ ਸੰਪਦਾ ਜਾਂ ਆਪਣੀ ਆਤਮਿਕ ਵਿਰਾਸਤ ਦਾ ਮਾਲਕ ਬਣ ਜਾਂਦਾ ਹੈ

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਪੰਨਾ-੧੮੬)

ਬਦ ਦੇ ਅੰਤਰ-ਆਤਮੇ ਅਨੁਭਵੀ ਪ੍ਰਕਾ ਦੁਆਰਾ **ਦੂਜੇ ਭਾਉ** ਦਾ ਹਨੇਰ ਉਡ-ਪੁਡ ਜਾਂਦਾ ਹੈ ਅਤੇ ਜੀਵ ਅਨੇਕਾਂ ਸਰੀਰਕ, ਮਾਨਸਿਕ ਤੇ ਆਤਮਿਕ ਬਰਕਤਾਂ ਦਾ ਹੱਕਦਾਰ ਬਣ ਜਾਂਦਾ ਹੈ।

ਮਨੁੱਖ ਆਪਣੇ ਹਰ ਕੰਮ ਲਈ ਵਿਉਂਤ ਬਣਾਉਂਦਾ ਤੇ ਉਦਮ ਕਰਦਾ ਹੈ। ਇਸ ਚਿੰਤਾ ਵਿਚ ਉਸਦਾ ਮਾਨਸਿਕ ਤਨਾਉ (mental tension) ਬਣਿਆ ਰਹਿੰਦਾ ਹੈ। ਪਰ ਜਦ ਸਾਧਸੰਗਤ ਵਿਚ ਵਿਚਰਦਿਆਂ ਹੋਇਆਂ **ਗੁਰ ਬਦ ਦੀ ਕਮਾਈ** ਦੁਆਰਾ ਜੀਵ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸਦੇ ਹਰ ਕਾਰਜ ਦੀ ਸਾਰ-ਸੰਭਾਲ ਪ੍ਰਭੂ ਆਪ ਕਰਦਾ ਹੈ

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮ ਪਿਆਰਾ ॥ (ਪੰਨਾ-੬੩੪)

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ । (ਪੰਨਾ-੯੧੭)

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧ ॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥ (ਪੰਨਾ-੪ ੩)

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ (ਪੰਨਾ-੨ ੧)

ਇਹ ਆਤਮ ਮੰਡਲ ਦੀ ਤੁਰੀਆ ਅਵੱਸਥਾ ਹੈ ਜਿਥੇ ਤੂ ਤੂ ਕਰਤਾ ਤੂ ਹੂਆ ਅਨੁਸਾਰ ਨਾਮ ਅਭਿਆਸ ਕਮਾਈ ਕਰਦਿਆਂ ਜਗਿਆਸੂ ਦਾ **ਮੈਂ-ਮੇਰੀ ਦਾ ਭਰਮ-ਭੁਲੇਖਾ** ਦੂਰ ਹੋ ਜਾਂਦਾ ਹੈ ਅਥਵਾ ਮਨ

**ਦੂਜੇ ਭਾਉ**

ਦੇ ਹਨੇਰ ਵਿਚੋਂ ਨਿਕਲਕੇ

**ਆਤਮਿਕ ਪ੍ਰਕਾ**

ਵਿਚ ਵਰਤਦਾ ਹੈ

ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ (ਪੰਨਾ-੭੭੯)

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥ (ਪੰਨਾ-੭੩੯)

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਪੰ.-੯੭)

ਜਹ ਦੇਖਾ ਤਹ ਏਕੋ ਸੋਈ ॥
ਦੂਜੀ ਦੁਰਮਤਿ ਸਬਦੇ ਖੋਈ ॥ (ਪੰਨਾ-੧ 5੧)

ਇਸ ਅਵੱਸਥਾ ਵਿਚ ਜੀਵ ਗੁਰੂ ਦਾ **ਬੈ ਖਰੀਦ ਗੋਲਾ** ਬਣਕੇ ਉਸ ਦੇ ਪ੍ਰੇਮ ਵਿਚ **ਹੁਕਮ ਦੀ ਕਾਰ ਕਮਾਉਂਦਾ ਹੈ** ਜਿਸ ਵਿਚ **ਦੂਜੇ ਭਾਉ ਦਾ ਅਭਾਵ** ਹੁੰਦਾ ਹੈ।

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥ (ਪੰਨਾ-੧੧੪੭)

ਜਦ ਜੀਵ ਦੀ ਆਤਮਾ

ਗੁਰੂ ਦੇ ਪਿਆਰ ਵਿਚ
ਨਾਮ ਦੇ ਰੰਗ ਵਿਚ

ਬਦ ਦੀ ਧੁਨੀ ਵਿਚ
ਪ੍ਰੀਤ-ਪ੍ਰੇਮ-ਪਿਆਰ ਦੇ ਉਮਾਹ ਵਿਚ

**ਉਛਲਦੀ ਹੈ** ਤਾਂ ਉਸ ਦੀ ਹਰ

ਹਰਕਤ ਵਿਚ
ਤੱਕਣੀ ਵਿਚ
ਗੁਫਤਾਰ ਵਿਚ
ਰਫਤਾਰ ਵਿਚ
ਛੋਹ ਵਿਚ
ਭਾਵਨਾ ਵਿਚ
ਉਮਾਹ ਵਿਚ

ਨਾਨਕ ਪਿਆਰ

***ਨਾਮ***

**ਠਾਠਾਂ** ਮਾਰ ਰਿਹਾ ਹੁੰਦਾ ਹੈ।

ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਦਾ ਹਰ ਪਲ, ਹਰ ਖਿਨ, ਦਿਨ-ਰਾਤ ਅਰਥਾਤ **ਸਮੁੱਚਾ ਜੀਵਨ** ਗੁਰੂ ਦੇ ਹੁਕਮ ਦੇ ਪ੍ਰਾਇਣ ਅਥਵਾ **ਆਤਮ ਪ੍ਰਾਇਣ** ਹੁੰਦਾ ਹੈ। ਮਾਇਕੀ ਦੁਨੀਆਂ ਵਿਚ ਵਰਤਦਿਆਂ ਹੋਇਆਂ ਵੀ ਉਨ੍ਹਾਂ ਦੇ ਕਰਮ-ਧਰਮ **ਦੈਵੀ** ਹੁੰਦੇ ਹਨ।

ਸਤਿਗੁਰ ਅਜਿਹੀਆਂ ਗੁਰਮੁਖ ਰੂਹਾਂ ਇਉਂ ਪਿਆਰਦਾ ਹੈ

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ-੧੨੧੩)

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥

**ਸਾਝੀ ਗੁਰ ਨਾਲਿ ਬਹਾਲਿਆ** ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥

(ਪੰਨਾ-੧੧ ੧-੧੧ ੨)

ਜਦ ਅਸੀਂ ਕਿਸੇ ਕੰਪਨੀ ਵਿਚ ਪੂਰੀ ਦਿਆਨਤਦਾਰੀ ਨਾਲ ਕੰਮ ਕਰਦੇ ਹਾਂ ਤਾਂ ਪਹਿਲਾਂ ਸਾ ਤਨਖਾਹ ਮਿਲਦੀ ਹੈ, ਸਹਿਜੇ-ਸਹਿਜੇ ਕੰਪਨੀ ਦਾ ਮਾਲਕ ਸਾ ਹਿੱਸੇਦਾਰ ਬਣਾ ਲੈਂਦਾ ਹੈ, ਜਿਥੇ ਤਰੱਕੀ ਕਰਦੇ-ਕਰਦੇ ਅਸੀਂ ਡਾਇਰੈਕਟਰ ਬਣ ਜਾਂਦੇ ਹਾਂ ਅਤੇ ਅੰਤ ਉਹ ਸਾ ਕੰਪਨੀ ਦੀ ਮਾਲਕੀ ਸੌਂਪ ਦਿੰਦਾ ਹੈ।

ਇਸੇ ਤਰ੍ਹਾਂ ਇਲਾਹੀ ਵਡ ਖੇਲ ਤਮਾ ਵਿਚ ਵਿਚਰਦਿਆਂ ਗੁਰਸਿੱਖ ਦੀ ਸੁਰਤੀ ਇਲਾਹੀ ਪ੍ਰੀਤ-ਡੋਰੀ ਦੀ ਖਿੱਚ ਨਾਲ ਆਤਮ-ਮੰਡਲ ਦੇ ਪ੍ਰੇਮ-ਸਵੈਪਨਾਵਾਂ ਦੇ ਅਕਾ ਵਿਚ ਉਡਾਰੀਆਂ ਲਾਉਂਦੀ ਹੋਈ ਆਤਮ-ਰੰਗ-ਰਸ ਵਿਚ ਮਤਵਾਰੀ ਹੋ ਜਾਂਦੀ ਹੈ ਤਾਂ ਉਸ **ਦੂਜੇ ਭਾਉ** ਅਥਵਾ ਮਾਇਕੀ ਮੰਡਲ ਦੀ

## *ਪਕੜ ਨਹੀਂ ਰਹਿੰਦੀ*

ਅਜਿਹੇ ਭਗਤ, ਗੁਰਮੁਖ ਜਨ ਸਹਿਜ-ਸੁਭਾਇ ਹੀ ਅਕਾਲ ਪੁਰਖ ਦੀਆਂ ਸਭੇ ਬਰਕਤਾਂ ਤੇ ਬਖ਼ਿ ਾਂ ਦੇ **ਪਾਤਰ** ਬਣ ਜਾਂਦੇ ਹਨ, ਅਕਾਲ ਪੁਰਖ ਤੇ ਉਨ੍ਹਾਂ ਵਿਚਾਲੇ ਕੋਈ ਭੇਦ ਨਹੀਂ ਰਹਿੰਦਾ

ਹਰਿ ਹਰਿਜਨੁ ਦੁਇ ਏਕੁ ਹੈ ਬਿਬ ਬਿਚਾਰ ਕਛੁ ਨਾਹਿ ॥ (ਬਾਚਿਤ੍ਰ ਨਾਟਕ)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥ (ਪੰਨਾ-੧ ੭੬)

ਇਹ ਊਚਮ-ਊਚੀ, ਸੂਚਮ-ਸੂਚੀ **ਆਤਮਿਕ ਖੇਲ** ਨਿਰਾਲੀ ਨਿਰਮਲ ਤੇ ਕਠਿਨ ਹੈ, ਪਰ ਗੁਰੂ ਦੀ ਕਿਰਪਾ ਤੇ ਸਾਧ ਸੰਗਤ ਦੀ ਸਹਾਇਤਾ ਨਾਲ ਇਹ **ਗਾਖੜੀ ਖੇਲ੍ਹ** ਵੀ **ਸੌਖੀ** ਹੋ ਜਾਂਦੀ ਹੈ

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਗਢ ਕੋ ਰਾਜਾ ॥ (ਪੰਨਾ-੧੧੬੧)

ਅਕਾਲ ਪੁਰਖ **ਇੱਕ** ਹੈ।

ਇਸ **ਏਕੈ** ਤੋਂ ਹੀ **ਦੂਜਾ-ਭਾਉ** ਉਪਜਿਆ ਹੈ

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ–੪੪੨)

ਇਸ ਲਈ **ਦੂਜੇ ਭਾਉ** **ਸਮਝਣ**–ਬੁੱਝਣ ਲਈ

**ਏਕੈ ਦਾ ਅਨੁਭਵ ਕਰਨਾ**

**ਲਾ ਮੀ** ਹੈ।

ਮੂਲ ਬਿਨਾ ਸਾਖਾ ਕਤ ਆਹੈ ॥ (ਪੰਨਾ–੧੧੪੯)

ਇਸ ਲਈ **ਦੂਜੇ ਭਾਉ**

ਜਾਨਣ

ਸਮਝਣ

ਲਈ

ਮੁਢਲੇ ਮੂਲ

***ਏਕੈ***

ਅੰਤ੍ ਆਤਮੇ **ਅਨੁਭਵ** ਦੁਆਰਾ

ਜਾਨਣਾ

ਬੁੱਝਣਾ

ਪਹਿਚਾਨਣਾਂ

ਰੂਰੀ ਹੈ ਵਰਨਾ ਅਸੀਂ **ਦੂਜੇ ਭਾਉ** ਦੇ ਭਰਮ ਭੁਲੇਖਿਆ ਵਿਚੋਂ **ਨਿਕਲ ਨਹੀਂ ਸਕਦੇ** !

ਇਹ ਅਨੁਭਵ ਪ੍ਕਾ ਸਤਿਗੁਰੂ ਦੀ ਦਾਤ , ਛੋਹ , ਬਖਿ , ਅਤੇ ਗੁਰਪ੍ਸਾਦਿ ਹੈ। ਇਹ ਇਲਾਹੀ ਦਾਤ, ਛੋਂਹ ਜਾਂ ਮੀਰ ਲਗਾਤਾਰ ਸਾਧਸੰਗਤ ਤੇ ਅਤੁੱਟ ਸਿਮਰਨ ਦੀ ਕਮਾਈ ਦੁਆਰਾ ਗੁਰ ਪ੍ਸਾਦਿ (Grace) ਦਾ ਲ ਹੈ। ਅੰਮ੍ਰਿਤ ਛਕਾਉਣ ਦੀ ਮਰਯਾਦਾ ਏਸੇ ਮੀਰ ਦੇ ਅਸੂਲ ਦੀ ਲ ਾਇਕ ਤੇ ਪ੍ਤੀਕ ਹੈ।

ਨਿਰੇ ਪੁਰੇ **ਦਿਮਾਗੀ ਗਿਆਨ ਘੋਟਣ** ਨਾਲ

ਨਾ ਏਕੈ ਦਾ ਅਨੁਭਵ ਹੋ ਸਕਦਾ ਹੈ

ਅਤੇ

ਨਾ **ਦੂਜੇ ਭਾਉ** ਦਾ ਗਿਆਨ ਹੋ ਸਕਦਾ ਹੈ।

ਗਿਆਨੁ ਨ ਗਲੀਈ ਢੂਢੀਐ
ਕਥਨਾ ਕਰੜਾਂ ਸਾਰੁ ॥ (ਪੰਨਾ–੪੬5)

ਇਸੇ ਲਈ ਗੁਰਬਾਣੀ ਸਾ ਦ੍ਰਿੜ੍ਹ ਕਰਾਉਂਦੀ ਹੈ

ਗੁਰਪਰਸਾਦੀ **ਏਕ** ਲਿਵ ਲਾਗੀ
ਦੁਬਿਧਾ ਤਦੇ ਬਿਨਾਸੀ ॥ (ਪੰਨਾ–੯੯੩)

ਸਮਾਪਤ